ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ.ਓ. ਨੰ 104-106, ਦੂਜੀ- ਤੀਜੀ ਮੰਜਿਲ, ਸੈਕਟਰ- 34 ਏ ਚੰਡੀਗੜ੍ਹ

ਹੁਕਮ ਨੰ: ਐਸ.ਐਸ.ਏ/2011/ਪ੍ਰਸ਼ਾਸ਼ਨ/15048-54 ਮਿਤੀ : 20-12-11

# ਹੁਕਮ

1.0 ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਦੀ ਕਾਰਜਕਾਰੀ ਕਮੇਟੀ ਦੀ ਮਿਤੀ 15/12/2011 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਧੀਨ ਠੇਕੇ ਤੇ ਕੰਮ ਕਰ ਰਹੇ ਦਫਤਰੀ ਅਮਲਾ ਕਰਮਚਾਰੀਆਂ ਦੀ ਮੌਜੂਦਾ ਤਨਖਾਹ ਵਿੱਚ ਮਿਤੀ 01/11/2011 ਤੋਂ ਹੇਠ ਅਨੁਸਾਰ ਵਾਧਾ ਕੀਤਾ ਜਾਵੇਗਾ

| 1 | 2 | 3 | 4 | 5 |
|---|---|---|---|---|
| ਲੜੀ ਨੰ | ਅਹੁਦਾ | ਮੌਜੂਦਾ ਮੁੱਢਲੀ ਤਨਖਾਹ | ਮਿਤੀ 01.11.11 ਤੋਂ ਵਾਧੇ ਉਪਰੰਤ ਮੁੱਢਲੀ ਤਨਖਾਹ | ਵਿਸ਼ੇਸ਼ ਕੱਥਨ |
| 1 | ਮੁੱਖ ਲੇਖਾ ਅਫਸਰ | 22,500/- | 26,500/- | |
| 2 | ਡਿਪਟੀ ਮੈਨੇਜਰ | 20,000/- | 24,000/- | |
| 3 | ਡਿਪਟੀ ਡਾਇਰੈਕਟਰ ਪਲਾਨਿੰਗ | 20,000/- | 24,000/- | |
| 4 | ਅਸਿਸਟੈਂਟ ਮੈਨੇਜਰ/ ਅਸਿਸਟੈਂਟ ਪ੍ਰੋਜੈਕਟ ਕੁਆਰਡੀਨੇਟਰ (ਜਨਰਲ) | 15,000/- | 19,000/- | |
| 5 | ਅਸਿਸਟੈਂਟ ਪ੍ਰੋਜੈਕਟ ਡਾਇਰੈਕਟਰ (ਫਾਈਨਾਂਸ) | 12,500/- | 16,500/- | ਕਰਮਚਾਰੀ ਨੂੰ ਮਿਤੀ 30.10.11 ਨੂੰ ਮਿਲਦੀ ਤਨਖਾਹ (ਜਮ੍ਹਾਂ ਇਨਕਰੀਮੈਂਟਾਂ ਭੱਤੇ ਆਦਿ) ਵਿੱਚ 4000/- ਪ੍ਰਤੀ ਮਹੀਨਾ ਦਾ ਵਾਧਾ ਕੀਤਾ ਜਾਦਾ ਹੈ। |
| 6 | ਲੀਗਲ ਅਸਿਸਟੈਂਟ | 15,000/- | 19,000/- | |
| 7 | ਕੰਪਿਊਟਰ ਪ੍ਰੋਗਰਾਮਰ | 12,500/- | 16,500/- | |
| 8 | ਉਪ ਮੰਡਲ ਇੰਜੀਨੀਅਰ | 15,000/- | 19,000/- | |
| 9 | ਜੂਨੀਅਰ ਇੰਜੀਨੀਅਰ | 10,000/- | 14,000/- | |
| 10 | ਅਕਾਊਂਟੈਂਟ | 10,000/- | 14,000/- | |
| 11 | ਸਟੈਨੋਗਰਾਫਰ | 8,500/- | 12,500/- | |
| 12 | ਕੇਅਰ ਟੇਕਰ, ਸਟੋਰਕੀਪਰ, ਡਾਟਾ ਐਂਟਰੀ ਆਪਰੇਟਰ | 7500/- | 11,500/- | |

| | | | | |
|---|---|---|---|---|
| 13 | ਅਸਿਸਟੈਂਟ ਬਲਾਕ ਕੁਆਰਡੀਨੇਟਰ ਜਿਨ੍ਹਾਂ ਨੂੰ ਹੁਣ ਬਤੌਰ ਡਾਟਾ ਐਂਟਰੀ ਆਪਰੇਟਰ ਰੀਡੈਜ਼ਿਗਨੇਟਡ ਕਰ ਦਿੱਤਾ ਗਿਆ ਹੈ। | 7000/- + 1000/- TA | 11,500/- | ਅਸਿਸਟੈਂਟ ਬਲਾਕ ਕੁਆਰਡੀਨੇਟਰ ਲਈ ਉਹਨਾਂ ਦੀ ਤਨਖਾਹ ਵਿੱਚ ਮਿਤੀ 01/08/11 ਤੋਂ 500/-ਰੁ ਪ੍ਰਤੀ ਮਹੀਨੇ ਦਾ ਵਾਧਾ ਕੀਤਾ ਗਿਆ ਸੀ ਇਸ ਲਈ ਇਨ੍ਹਾਂ ਦੀ ਤਨਖਾਹ ਵਿਚ ਮਿਤੀ 01/11/11 ਤੋ 3500/- ਰੁ ਦਾ ਵਾਧਾ ਕੀਤਾ ਜਾਵੇਗਾ ਅਤੇ ਹੁਣ ਇਸ ਅਸਾਮੀ ਦਾ ਨਾਂ ਬਦਲ ਕੇ ਡਾਟਾ ਐਂਟਰੀ ਆਪਰੇਟਰ ਕੀਤਾ ਜਾਂਦਾ ਹੈ ਅਤੇ ਅਸਿਸਟੈਂਟ ਬਲਾਕ ਕੁਆਰਡੀਨੇਟਰ ਨੂੰ ਦਿੱਤਾ ਜਾਂਦਾ 1000 /- ਟੀ.ਏ ਹੁਣ ਡਾਟਾ ਐਂਟਰੀ ਆਪਰੇਟਰ ਦੀ ਤਨਖ੍ਹਾਹ ਵਿੱਚ ਹੀ ਮਰਜ ਕਰ ਦਿੱਤਾ ਗਿਆ ਹੈ। (ਕਰਮਚਾਰੀ ਨੂੰ ਮਿਤੀ 30.10.11 ਨੂੰ ਮਿਲਦੀ ਤਨਖਾਹ (ਜਮ੍ਹਾਂ ਇਨਕਰੀਮੈਂਟਾਂ ਭੱਤੇ ਆਦਿ) ਵਿੱਚ 3500/- ਪ੍ਰਤੀ ਮਹੀਨਾ ਦਾ ਵਾਧਾ ਕੀਤਾ ਜਾਦਾ ਹੈ |
| 14 | ਬਲਾਕ ਆਫਿਸ ਅਸਿਸਟੈਂਟ | 5500/- | 9000/- | ਬਲਾਕ ਆਫਿਸ ਅਸਿਸਟੈਂਟ ਲਈ ਉਹਨਾਂ ਦੀ ਤਨਖਾਹ ਵਿੱਚ ਮਿਤੀ 01/08/11 ਤੋਂ 500/-ਰੁ ਪ੍ਰਤੀ ਮਹੀਨੇ ਦਾ ਵਾਧਾ ਕੀਤਾ ਗਿਆ ਸੀ ਇਸ ਲਈ ਇਨ੍ਹਾਂ ਦੀ ਤਨਖਾਹ ਵਿਚ ਮਿਤੀ 01/11/11 ਤੋ 3500/- ਰੁ ਦਾ ਵਾਧਾ ਕੀਤਾ ਜਾਵੇਗਾ। ਬਲਾਕ ਆਫਿਸ ਅਸਿਸਟੈਂਟ ਹੁਣ ਤੋ ਬਅਦ Diminition ਕਾਡਰ ਹੋਵੇਗਾ। ਬਲਾਕ ਆਫਿਸ ਅਸਿਸਟੈਂਟ ਦੀਆਂ ਖਾਲੀ ਅਸਾਮੀਆਂ ਨੂੰ ਨਹੀਂ ਭਰਿਆ ਜਾਵੇਗਾ। ਭਵਿੱਖ ਵਿੱਚ ਡਾਟਾ ਐਂਟਰੀ ਆਪਰੇਟਰ ਦੀ ਨਵੀਂ ਭਰਤੀ ਉਦੋਂ ਤੱਕ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਕੰਮ ਕਰ ਰਹੇ ਯੋਗ ਬਲਾਕ ਆਫਿਸ ਅਸਿਸਟੈਂਟਸ ਨੂੰ ਉਹਨਾਂ ਦੀ ਮੈਰਿਟ/ |

| | | | | |
|---|---|---|---|---|
| | | | | ਸੀਨੀਆਰਤਾ ਅਨੁਸਾਰ, ਬਸ਼ਰਤੇ ਉਹ ਡਾਟਾ ਐਂਟਰੀ ਆਪਰੇਟਰ ਦੀਆਂ ਸਾਰੀਆਂ ਯੋਗਤਾਵਾਂ ਪੂਰੀਆਂ ਕਰਦੇ ਹੋਣ, ਅਤੇ ਡਾਟਾ ਐਂਟਰੀ ਆਪਰੇਟਰ ਦੀਆਂ ਖਾਲੀ ਹੋਣ ਵਾਲੀਆਂ ਅਸਾਮੀਆਂ ਵਿਰੁੱਧ ਅਡਜਸਟ ਨਹੀਂ ਕੀਤਾ ਜਾਂਦਾ। (ਕਰਮਚਾਰੀ ਨੂੰ ਮਿਤੀ 30.10.11 ਨੂੰ ਮਿਲਦੀ ਤਨਖਾਹ (ਜਮ੍ਹਾਂ ਇਨਕਰੀਮੈਂਟਾਂ ਭੱਤੇ ਆਦਿ) ਵਿੱਚ 3500/- ਪ੍ਰਤੀ ਮਹੀਨਾ ਦਾ ਵਾਧਾ ਕੀਤਾ ਜਾਂਦਾ ਹੈ। |
| 15 | ਸਟੇਟ ਸਪੈਸ਼ਲ ਐਜੂਕੇਟਰ | 18,000/- | 20,000/- | ਸਟੇਟ ਸਪੈਸ਼ਲ ਐਜੂਕੇਟਰ ਦੀ ਤਨਖਾਹ ਵਿੱਚ ਮਿਤੀ 01/04/11 ਤੋਂ ਕ੍ਰਮਵਾਰ 2000/-ਰੁ. ਦਾ ਵਾਧਾ ਕੀਤਾ ਗਿਆ ਸੀ ਇਸ ਲਈ ਇਨ੍ਹਾਂ ਦੀ ਤਨਖਾਹ ਵਿੱਚ ਮਿਤੀ 01/11/11 ਤੋਂ ਕ੍ਰਮਵਾਰ 2000/-ਰੁ ਦਾ ਵਾਧਾ ਕੀਤਾ ਜਾਵੇਗਾ। (ਕਰਮਚਾਰੀ ਨੂੰ ਮਿਤੀ 30.10.11 ਨੂੰ ਮਿਲਦੀ ਤਨਖਾਹ (ਜਮ੍ਹਾਂ ਇਨਕਰੀਮੈਂਟਾਂ ਭੱਤੇ ਆਦਿ) ਵਿੱਚ 2000/- ਪ੍ਰਤੀ ਮਹੀਨਾ ਦਾ ਵਾਧਾ ਕੀਤਾ ਜਾਂਦਾ ਹੈ। |
| 16 | ਜਿਲਾ ਸਪੈਸ਼ਲ ਐਜੂਕੇਟਰ | 18,000/- | 19,000/- | ਜਿਲਾ ਸਪੈਸ਼ਲ ਐਜੂਕੇਟਰ ਦੀ ਤਨਖਾਹ ਵਿੱਚ ਮਿਤੀ 01/04/11 ਤੋਂ ਕ੍ਰਮਵਾਰ 3000/-ਰੁ ਦਾ ਵਾਧਾ ਕੀਤਾ ਗਿਆ ਸੀ ਇਸ ਲਈ ਇਨ੍ਹਾਂ ਦੀ ਤਨਖਾਹ ਵਿੱਚ ਮਿਤੀ 01/11/11 ਤੋਂ ਕ੍ਰਮਵਾਰ 1000/-ਰੁ ਦਾ ਵਾਧਾ ਕੀਤਾ ਜਾਵੇਗਾ। (ਕਰਮਚਾਰੀ ਨੂੰ ਮਿਤੀ 30.10.11 ਨੂੰ ਮਿਲਦੀ ਤਨਖਾਹ (ਜਮ੍ਹਾਂ ਇਨਕਰੀਮੈਂਟਾਂ ਭੱਤੇ ਆਦਿ) ਵਿੱਚ 1000/- ਪ੍ਰਤੀ ਮਹੀਨਾ ਦਾ ਵਾਧਾ ਕੀਤਾ ਜਾਂਦਾ ਹੈ। |

2.0 ਭਵਿੱਖ ਵਿੱਚ ਠੇਕੇ ਤੇ ਭਰਤੀ ਕੀਤੇ ਜਾਣ ਵਾਲੇ ਕਰਮਚਾਰੀਆਂ/ਅਧਿਕਾਰੀਆਂ ਦੀ ਮੁੱਢਲੀ ਤਨਖ਼ਾਹ ਕਾਲਮ ਨੰਬਰ 4 ਅਨੁਸਾਰ ਹੋਵੇਗੀ।

3.0 ਵਰਤਮਾਨ ਸਾਲ 2011-12 ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਠੇਕੇ ਤੇ ਕੰਮ ਕਰ ਰਹੇ ਦਫ਼ਤਰੀ ਅਮਲੇ ਦੇ ਕਰਮਚਾਰੀਆਂ ਦੀ ਮੌਜੂਦਾ ਤਨਖਾਹ (as on 30-10-2011) ਵਿੱਚ ਮਿਤੀ 1-11-2011 ਤੋਂ ਉਪਰੋਕਤ ਦਿੱਤੀ ਸਾਰਨੀ ਵਿੱਚ ਦਰਜ ਕਾਲਮ ਨੰਬਰ 5 ਅਨੁਸਾਰ ਵਾਧਾ ਕੀਤਾ ਜਾਵੇਗਾ।

4.0 ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਧੀਨ ਠੇਕੇ ਤੇ ਕੰਮ ਕਰਦੇ ਦਫਤਰੀ ਕਰਮਚਾਰੀਆਂ ਦੀ ਤਨਖਾਹ ਵਿਚ ਇਹ ਵਾਧਾ ਤਾਂ ਹੀ ਲਾਗੂ ਕੀਤਾ ਜਾਵੇਗਾ, ਜੇਕਰ ਉਹ ਨਿਜੀ ਤੌਰ ਤੇ ਪੰਜ ਰੁਪਏ ਦੇ ਅਸ਼ਟਾਮ ਪੇਪਰ ਤੇ ਨਿਰਧਾਰਿਤ ਫਾਰਮੈਟ ਅਨੁਸਾਰ ਅਡਰਟੇਕਿੰਗ ਦੇਣਗੇ। ਨਿਰਧਾਰਤ ਫਾਰਮੇਟ ਦੀ ਕਾਪੀ ਅਮਲ ਹਿੱਤ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

5.0 ਬਿਨਾ ਅਡਰਟੇਕਿੰਗ ਦੇ ਕਿਸੇ ਦੀ ਤਨਖ਼ਾਹ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: ਐਸ.ਐਸ.ਏ./2011/ 45649-54 ਮਿਤੀ: 20/12/11

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਲੋੜੀਂਦੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਨਿੱਜੀ ਸਕੱਤਰ, ਮਾਨਯੋਗ ਮੁੱਖ ਮੰਤਰੀ, ਪੰਜਾਬ।
2. ਨਿੱਜੀ ਸਕੱਤਰ, ਮਾਨਯੋਗ ਮੁੱਖ ਸਕੱਤਰ, ਪੰਜਾਬ।
3. ਨਿੱਜੀ ਸਕੱਤਰ, ਮਾਨਯੋਗ ਸਿੱਖਿਆ ਸਕੱਤਰ, ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿੱ.), ਪੰਜਾਬ
5. ਚੀਫ਼ ਅਕਾਂਉਟ ਅਫਸਰ ਦਫਤਰ ਐਸ.ਐਸ.ਏ. ਪੰਜਾਬ

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

# ਅੰਡਰ-ਟੇਕਿੰਗ

ਮੈਂ .............................. ਪੁੱਤਰ ..............................ਅਹੁਦਾ..............................
ਦਫਤਰ.................................. **ਸਰਵ** ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਕੰਮ ਕਰ ਰਿਹਾ/ਰਹੀ ਹਾਂ ਅਤੇ ਮੈਂ ਇਹ ਹਲਫੀਆ ਬਿਆਨ ਦਿੰਦਾ/ਦਿੰਦੀ ਹਾਂ ਕਿ ਜੇਕਰ ਭਵਿੱਖ ਵਿੱਚ ਵਰਤਮਾਨ ਤਨਖਾਹ ਵਿੱਚ ਕੋਈ ਅਡਜਸਟਮੈਂਟ ਕੀਤੀ ਜਾਂਦੀ ਹੈ ਤਾਂ ਮੈਨੂੰ ਉਹ ਪੂਰੀ ਤਰ੍ਹਾਂ **ਸਵੀਕਾਰ** ਹੋਵੇਗੀ, ਭਾਂਵੇ ਉਹ ਮੈਨੂੰ ਮਿਲ ਰਹੀ ਵਰਤਮਾਨ ਤਨਖਾਹ ਨਾਲੋਂ ਘੱਟ ਕਿਉਂ ਨਾ ਹੋਵੇ।

ਮੈਂ ਇਹ ਬਿਆਨ ਅੱਜ ਮਿਤੀ .......................... ਨੂੰ ਬਿਨਾ ਕਿਸੇ ਦਬਾਅ ਦੇ, ਆਪਣੇ ਪੂਰੇ ਹੋਸ਼ੋ ਹਵਾਸ਼ ਵਿੱਚ ਦੇ ਰਿਹਾ/ਰਹੀਂ ਹਾਂ।

ਹਸਤਾਖਰ

ਪੂਰਾ ਨਾਮ:

ਅਹੁਦਾ:

ਮੁੱਖ ਦਫਤਰ/ਜਿਲ੍ਹਾ ਦਫਤਰ/ਬਲਾਕ ਦਫਤਰ

ਦਫਤਰ ਦਾ ਪੂਰਾ ਪਤਾ: